**PSPCL** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਦ: ਮੁੱਖ ਇੰਜੀਨੀਅਰ/ਐਚ.ਆਰ.ਡੀ.ਦੀ ਮਾਲ ਪਟਿਆਲਾ
ਟੈਲੀਫੂਨ ਨੰ: 0175-2213125, ਫੈਕਸ ਨੰ: 2302056

ਵੱਲ

1. ਸਾਰੇ ਇੰਜੀਨੀਅਰ-ਇਨ-ਚੀਫ/ ਜਰਨਲ ਮੈਨੇਜਰ/ ਮੁੱਖ ਇੰਜੀਨੀਅਰ,ਪੰ:ਸ:ਪਾ:ਕਾ:ਲਿਮ:।
2. ਡੀ.ਜੀ.ਪੀ./ ਦੀ ਅਤੇ ਐਸ/ਮੁੱਖ ਪ੍ਰਬੰਧਕੀ , ਮੁੱਖ ਕੰਟਰੋਲਰ/ ਵਿੱਤ, ਸਾਰੇ ਮੁੱਖ ਲੇਖਾ ਅਫਸਰ, ਮੁੱਖ ਪੜਤਾਲਕਾਰ, ਪੰ:ਸ:ਪਾ:ਕਾ:ਲਿਮ:, ਪਟਿਆਲਾ ।
4. ਓ.ਐਸ.ਡੀ.(ਕੋਲ ਮੈਨੇਜਮੈਂਟ)/ਨਿਗਰਾਨ ਇੰਜੀਨੀਅਰ/ ਪਰਸੋਨਲ, ਤਕਨੀਕੀ/ ਆਈ.ਟੀ./ਪੰ:ਸ:ਪਾ:ਕਾ:ਲਿਮ:।
5. ਓ.ਐਸ.ਡੀ. ਟੂ ਸੀ.ਐਮ.ਡੀ., ਪੰ:ਸ:ਪਾ:ਕਾ:ਲਿਮ:, ਪਟਿਆਲਾ।
6. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ ਪੰ:ਸ:ਪਾ:ਕਾ:ਲਿਮ:।
7. ਸਾਰੇ ਵਧੀਕ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਸਹਾਇਕ ਕਾਰਜਕਾਰੀ ਇੰਜੀਨੀਅਰਜ਼, ਸਹਾਇਕ ਇੰਜੀਨੀਅਰਜ਼, ਸੀਨੀ ਲੇਖਾ ਅਫਸਰ, ਲੇਖਾ ਅਫਸਰ, ਪੰ:ਸ:ਪਾ:ਕਾ:ਲਿਮ:।
8. ਸੀਨੀਅਰ ਨਿੱਜੀ ਸਕੱਤਰ ਟੂ ਡਾਇਰੈਕਟਰਜ਼, ਪੰ:ਸ:ਪਾ:ਕਾ:ਲਿਮ:, ਪਟਿਆਲਾ।
9. ਹੈਡ ਆਫਿਸ ਦੇ ਸਾਰੇ ਭਾਗਾਂ ਦੇ ਮੁੱਖੀ, ਪੰ:ਸ:ਪਾ:ਕਾ:ਲਿਮ:, ਪਟਿਆਲਾ।

ਮੀਮੋ ਨੰ: 476/2975 /ਡੀ.ਡੀ.ਐਚ-41 ਮਿਤੀ: 13/12/11

**ਵਿਸ਼ਾ: PSPCL ਦੇ ਮਨੁੱਖੀ ਵਸੀਲਿਆਂ ਨੂੰ ਵਿਕਸਿਤ ਕਰਨ ਅਤੇ ਟਰੇਨਿੰਗ ਪਾਲਿਸੀ ਨੂੰ ਉਤਸ਼ਾਹਿਤ ਢੰਗ ਨਾਲ ਲਾਗੂ ਕਰਨ ਲਈ ਕਾਬਲ ਅਤੇ ਪ੍ਰੇਰਿਤ ਟਰੇਨਰ/ ਫਕਲਟੀ ਤਿਆਰ ਕਰਨ ਬਾਰੇ।**

ਕਿਸੇ ਅਗਾਂਹਵਧੂ ਅਤੇ ਪ੍ਰੇਰਿਤ ਸੰਸਥਾ ਲਈ ਜਰੂਰੀ ਹੈ ਕਿ ਇਸ ਸੰਸਥਾ ਨੂੰ ਬਨਾਉਣ ਵਾਲੇ ਕਰਮਚਾਰੀਆਂ ਦੀ ਕਾਬਲਿਅਤ ਦਾ ਮਿਆਰ ਵਧੀਆ ਹੋਵੇ ਅਤੇ ਸੰਸਥਾ ਦੇ ਕਰਮਚਾਰੀ ਇਸ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਿੱਚ ਮਾਣ ਮਹਿਸੂਸ ਕਰਨ।

ਪਿਛਲੇ ਸਾਲ ਦੌਰਾਨ ਸੰਸਥਾ ਦੇ ਸਾਰੇ ਦਫਤਰਾਂ ਤੋਂ ਬਤੌਰ ਟਰੇਨਰਜ਼ / ਫਕਲਟੀ ਵਜੋਂ ਇਨ- ਹਾਊਸ ਵਿਜ਼ੀਟਿੰਗ ਟਰੇਨਰਜ਼ ਦੇ ਪੈਨਲ ਲਈ ਸਵੈ-ਇੱਛਤ ਨਾਮਜ਼ਦਗੀਆਂ ਮੰਗੀਆਂ ਗਈਆਂ ਸਨ ਜਿਸ ਦੇ ਸਿੱਟੇ ਵਜੋਂ ਕੁਝ ਕਾਬਲ ਅਤੇ ਉਤਸ਼ਾਹਿਤ ਅਧਿਕਾਰੀਆਂ ਵੱਲੋਂ ਨਾਮ ਭੇਜੇ ਗਏ ਸਨ। ਅੱਜ ਇਹ ਅਧਿਕਾਰੀ PSPCL ਦੇ ਵੱਖੋ-ਵੱਖਰੇ ਟਰੇਨਿੰਗ ਪ੍ਰੋਗ੍ਰਾਮਾਂ ਵਿੱਚ ਬਤੌਰ ਟਰੇਨਰਜ਼ ਵਜੋਂ ਸੰਸਥਾ ਦੀ ਕਾਰਜਕੁਸ਼ਲਤਾ ਵਿੱਚ ਵਾਧਾ ਕਰਨ ਲਈ ਯੋਗਦਾਨ ਪਾ ਰਹੇ ਹਨ ਅਤੇ ਖੂਬ ਪ੍ਰਸ਼ੰਸਾ ਖੱਟ ਰਹੇ ਹਨ। ਪਰੰਤੂ PSPCL ਨੂੰ ਪੂਰੀ ਤਰ੍ਹਾਂ ਯੋਗ ਸੰਸਥਾ ਬਨਾਉਣ ਲਈ ਅਜੇ ਅਜਿਹੇ ਬਹੁਤ ਸਾਰੇ ਟਰੇਨਿੰਗ ਪ੍ਰੋਗ੍ਰਾਮ ਹਰ ਪੱਧਰ ਤੇ ਕਰਵਾਉਣ ਦੀ ਲੋੜ ਹੈ। ਇਸੇ ਵਿਚਾਰਧਾਰਾ ਨਾਲ ਟਰੇਨਿੰਗ ਪਾਲਿਸੀ ਰਾਹੀਂ ਮਿੱਥੇ ਟੀਚਿਆਂ ਨੂੰ ਹਾਸਿਲ ਕਰਨ ਲਈ PSPCL ਦੇ ਕਲਾਸ-I, II ਅਤੇ III ਕੈਟਾਗਰੀ ਦੇ ਕਰਮਚਾਰੀਆਂ ਤੋਂ ਟਰੇਨਿੰਗ ਪਾਲਿਸੀ ਲਾਗੂ ਕਰਨ ਲਈ ਅਤੇ ਸੰਸਥਾ, ਰਾਜ, ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਉਣ ਲਈ ਉਨ੍ਹਾਂ ਤੋਂ ਸਵੈ-ਇੱਛਤ ਨਾਮਜ਼ਦਗੀ ਮੰਗੀ ਜਾਂਦੀ ਹੈ।

ਇਹਨਾਂ ਨਾਮਜ਼ਦਗੀਆਂ ਵਿੱਚੋਂ ਫਕਲਟੀ ਲਈ ਚੁਣੇ ਗਏ ਅਧਿਕਾਰੀ/ ਕਰਮਚਾਰੀ ਟਰੇਨਿੰਗ ਪਾਲਿਸੀ ਦੇ ਤਹਿਤ ਟੀ.ਏ./ਡੀ.ਏ. ਅਤੇ ਟਰੇਨਿੰਗ ਮਾਣ ਭੱਤਾ ਲੈਣ ਦੇ ਹੱਕਦਾਰ ਹੋਣਗੇ ਅਤੇ ਇਹਨਾਂ ਨੂੰ ਹੋਰ ਮੁਹਾਰਤ ਹਾਸਿਲ ਕਰਵਾਉਣ ਲਈ ਦੇਸ਼ ਦੀਆਂ ਵਧੀਆ ਟਰੇਨਿੰਗ ਸੰਸਥਾਵਾਂ ਤੋਂ ਟਰੇਨਿੰਗ ਫਾਰ ਟਰੇਨਰਜ਼ ਵੀ ਕਰਵਾਈ ਜਾਵੇਗੀ।

ਅਜਿਹਾ ਦੇਖਿਆ ਗਿਆ ਹੈ ਕਿ PSPCL ਵਿੱਚ ਬਹੁਤ ਕਾਬਲ ਕਰਮਚਾਰੀ ਹਨ ਪਰੰਤੂ ਸਟੇਜ ਤੇ ਆਉਣ ਤੋਂ ਹਿਚਕਿਚਾਹਟ ਕਾਰਣ ਅਜਿਹੇ ਉਦੱਮ ਲਈ ਆਪਣੇ ਨਾਮ ਨਹੀਂ ਦਿੰਦੇ। ਅਜਿਹੀ ਸਥਿਤੀ ਵਿੱਚ ਉਨ੍ਹਾਂ ਦੇ ਕੰਟਰੋਲਿੰਗ ਅਧਿਕਾਰੀਆਂ/ ਸੁਪਰਵਾਈਜ਼ਰਜ ਦੀ ਡਿਊਟੀ ਹੈ ਕਿ ਉਹ ਉਨ੍ਹਾਂ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਵੱਲੋਂ ਨਾਮਜ਼ਦਗੀਆਂ ਭੇਜੀਆਂ ਜਾਣ ।

ਇਹ ਨਾਮਜ਼ਦਗੀਆਂ ਸੀਨੀ: ਕਾ:ਕਾ: ਇੰਜੀ:/ਓ.ਡੀ.ਐਮ.ਡੀ., ਟੀ. ਟੀ. ਆਈ. ਕੰਪਲੈਕਸ, ਸ਼ਕਤੀ ਵਿਹਾਰ, ਪਟਿਆਲਾ ਨੂੰ ਸਿੱਧੇ ਤੌਰ ਤੇ ਭੇਜੀਆਂ ਜਾਂਣ। ਨਾਮਜ਼ਦਗੀਆਂ ਅਧਿਕਾਰੀ / ਕਰਮਚਾਰੀ ਦਾ ਨਾਮ, ਤਕਨੀਕੀ/ ਅਕਾਦਮਿਕ ਯੋਗਤਾ, ਤਜਰਬਾ ਅਤੇ ਦਿਲਚਸਪੀ ਵਾਲੇ ਵਿਸ਼ੇ ਸਹਿਤ ਭੇਜੀਆਂ ਜਾਣ।

13/12/11

ਮੁੱਖ ਇੰਜੀਨੀਅਰ/ਐਚ.ਆਰ.ਡੀ.,
ਪੰ:ਸ:ਪਾ:ਕਾ: ਲਿਮ:,ਪਟਿਆਲਾ।